ਦਫਤਰ ਉਪ ਮੰਡਲ ਮੈਜਿਸਟਰੇਟ-ਕਮ-ਚੋਣਕਾਰ ਰਜਿਸਟਰੇਸ਼ਨ ਅਫਸਰ
090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ
OFFICE OF THE SUB DIVISIONAL MAGISTRATE-Cum- ELECTORAL REGISTRATION OFFIC
90-RAMPURA PHUL A.C.

Phone No. 01651-248225 Fax No. 01651-248025 E-mail: ero90rampuraphul@gmail.com


ਜ਼ਿੰਮੇਵਾਰ ਬਣੋ, ਵੋਟਰ ਬਣੋ

ਜ਼ਿੰਮੇਵਾਰ ਬਣੋ, ਵੋਟਰ ਬਣੋ

ਪੱਤਰ ਨੰਬਰ:2381-90/ਚੋਣ ਸ਼ਾਖਾ

ਮਿਤੀ: 18-07-2023

ਵੱਲ,

1. ਜਿਲ੍ਹਾ ਸਿੱਖਿਆ ਅਫਸਰ, (ਸੈਕੰਡਰੀ/ਪ੍ਰਾਇਮਰੀ), ਬਠਿੰਡਾ,
2. ਸਮੂਹ ਵਿਭਾਗਾਂ ਦੇ ਮੁਖੀ, ਰਾਮਪੁਰਾ ਫੂਲ, ਬਠਿੰਡਾ,

ਵਿਸ਼ਾ: **Special Summary Revision of Photo Electoral Rolls w.r.t. 01.01.2024 as the Special date-reg.**

ਹਵਾਲਾ: **ਮਾਨਯੋਗ ਮੁੱਖ ਚੋਣ ਅਫਸਰ, ਪੰਜਾਬ ਜੀ ਦੇ ਦਫਤਰ ਦਾ ਪੱਤਰ ਨੰ. 23/2023-ERS (Vol.II) ਮਿਤੀ-29-05-2023 ਅਤੇ ਪੱਤਰ ਨੰ. 2023/ਵਸ-3729 ਮਿਤੀ 04-07-2023 ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰਾਂ ਦੇ ਸਬੰਧ ਵਿੱਚ ਭਾਰਤ ਚੋਣ ਕਮਿਸ਼ਨ ਜੀ ਵੱਲੋਂ ਯੋਗਤਾ ਮਿਤੀ 01.01.2024 ਦੇ ਆਧਾਰ ਤੇ ਵੋਟਰ ਸੂਚੀਆਂ ਦੀ ਸੁਧਾਈ ਦਾ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ। ਇਸ ਸਡਿਊਲ ਅਨੁਸਾਰ ਬੂਥ ਲੈਵਲ ਅਫਸਰਾਂ ਵੱਲੋਂ ਮਿਤੀ 21.07.2023 ਤੋਂ 21.08.2023 ਤੱਕ ਘਰ-ਘਰ ਜਾਂ ਕੇ ਬੀ.ਐਲ.ਓ. ਐਪ ਰਾਹੀਂ ਵੋਟਰਾਂ ਦੀ ਵੈਰੀਫਿਕੇਸਨ ਕੀਤੀ ਜਾਣੀ ਹੈ। ਸੋ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਕੰਮ ਕਰਦੇ ਕਰਮਚਾਰੀ ਜਿਨ੍ਹਾਂ ਦੀ ਡਿਊਟੀ ਬਤੌਰ ਬੀ.ਐਲ.ਓਜ. ਵਿਧਾਨ ਸਭਾ ਚੋਣ ਹਲਕਾ 090-ਰਾਮਪੁਰਾ ਫੂਲ ਵਿਖੇ ਲੱਗੀ ਹੋਈ ਹੈ। ਉਹਨਾਂ ਨੂੰ ਲਿਖਤੀ ਰੂਪ ਹਦਾਇਤ ਕੀਤੀ ਜਾਵੇ, ਕਿ ਉਹ ਇਸ ਕੰਮ ਨੂੰ ਮਿਤੀ 21.07.2023 ਤੋਂ 21.08.2023 ਤੱਕ ਹਰ ਹਾਲਤ ਵਿੱਚ ਮੁਕੰਮਲ ਕਰਨਗੇ ਅਤੇ ਇਸ ਸਬੰਧੀ ਆਪਣੇ ਸੁਪਰਵਾਈਜਰ ਰਾਹੀ ਹਰ ਹਫਤੇ ਵਿੱਚ ਮੁਕੰਮਲ ਕੀਤੇ ਕੰਮ ਦੀ ਰਿਪੋਰਟ ਹਰ ਸੋਮਵਾਰ ਨੂੰ ਇਸ ਦਫਤਰ ਨੂੰ ਭੇਜਣਗੇ।

ਇਸਤੋਂ ਇਲਾਵਾ ਆਪ ਨੂੰ ਇਹ ਵੀ ਲਿਖਿਆਂ ਜਾਂਦਾ ਹੈ ਕਿ ਬੀ.ਐਲ.ਓਜ. ਵੱਲੋਂ ਘਰ-ਘਰ ਜਾ ਕੇ ਕੀਤੇ ਜਾਣ ਵਾਲੇ ਸਰਵੇ ਦੇ ਕੰਮ ਨੂੰ ਮੁੱਖ ਰੱਖਦੇ ਹੋਏ, ਇਸ ਸਮੇਂ ਦੌਰਾਨ ਸਮੂਹ ਟੀਚਿੰਗ/ਨਾਨ ਟੀਚਿੰਗ ਸਟਾਫ ਅਤੇ ਹੋਰ ਸਾਰੇ ਵਿਭਾਗਾਂ ਦੇ ਕਰਮਚਾਰੀ ਜੋ ਕਿ ਬਤੌਰ ਬੀ.ਐਲ.ਓ.ਹਲਕੇ ਵਿੱਚ ਕੰਮ ਕਰ ਰਹੇ ਹਨ, ਦੀ ਕਿਸੇ ਹੋਰ ਵਿਭਾਗਾਂ ਦੇ ਕੰਮਾਂ ਲਈ ਵਾਧੂ ਡਿਊਟੀ ਨਾ ਲਗਾਈ ਜਾਵੇ, ਅਤੇ ਬੀ.ਐਲ.ਓਜ ਨੂੰ ਹਫਤੇ ਦੇ ਕਿਸੇ ਵੀ ਦੋ ਦਿਨ ( ਸੋਮਵਾਰ ਤੋਂ ਸ਼ੁਕਰਵਾਰ ਤੱਕ) ਆਪਣੀ ਡਿਊਟੀ ਤੋਂ ਫਾਰਗ ਕੀਤਾ ਜਾਵੇ, ਜੇਕਰ ਕਿਸੇ ਸਕੂਲ ਵਿੱਚ ਇੱਕ ਜਾਂ ਇੱਕ ਤੋਂ ਵੱਧ ਅਧਿਆਪਕਾਂ ਦੀ ਡਿਊਟੀ ਬਤੌਰ ਬੀ.ਐਲ.ਓ. ਲੱਗੀ ਹੋਈ ਹੈ ਤਾਂ ਜਿਲ੍ਹਾ ਸਿੱਖਿਆਂ ਅਫਸਰ(ਸੈਕੰ/ਐਲੀ) ਅਤੇ ਸਬੰਧਤ ਬੀ.ਪੀ.ਈ.ਓ. ਉਸ ਸਕੂਲ ਵਿੱਚ ਅਧਿਆਪਕ ਦਾ ਪ੍ਰਬੰਧ ਕਰਨ ਦੇ ਜ਼ੁੰਮੇਵਾਰ ਹੋਣਗੇ। ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਨਾ ਕਰਨੀ ਯਕੀਨੀ ਬਣਾਈ ਜਾਵੇ।

ਨੋਟ:- ਚੋਣ ਡਿਊਟੀ ਵਿੱਚ ਕੁਤਾਹੀ ਜਾਂ ਕਿਸੇ ਕਰਮਚਾਰੀ ਨੂੰ ਚੋਣ ਡਿਊਟੀ ਕਰਨ ਤੋਂ ਰੋਕਣ ਤੇ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਡੀ ਦੇ ਤਹਿਤ ਪ੍ਰਸ਼ਾਸਕੀ ਅਮਲ ਵਿੱਚ ਲਿਆਂਦੀ ਜਾਵੇਗੀ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-
ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ।
(090-ਰਾਮਪੁਰਾ ਫੂਲ ਵਿਧਾਨ ਸਭਾ ਚੋਣ ਹਲਕਾ)

ਪਿੱਠ ਅੰਕਣ ਨੰ.2381-90/ਚੋਣਾਂ ਮਿਤੀ 18/07/2023

ਇਸਦਾ ਇੱਕ ਉਤਾਰਾ:-

1. ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਪਾਸ ਸੂਚਨਾਂ ਹਿੱਤ ਭੇਜਿਆਂ ਜਾਦਾ ਹੈ।
2. ਸਮੂਹ ਚੋਣ ਸੁਪਰਵਾਈਜਰ ਵਿਧਾਨ ਚੋਣ ਹਲਕਾ 090-ਰਾਮਪੁਰਾ ਫੂਲ ਪਾਸ ਭੇਜ ਕੇ ਲਿਖਿਆਂ ਜਾਂਦਾ ਹੈ ਕਿ ਆਪ ਅਧੀਨ ਕੰਮ ਬੀ.ਐਲ.ਓਜ. ਨੂੰ ਡਿਊਟੀ ਸਬੰਧੀ ਸੂਚਿਤ ਕਰ ਦਿੱਤਾ ਜਾਵੇ,ਅਤੇ ਪੱਤਰ ਵਿੱਚ ਦਰਜ ਅਨੁਸਾਰ ਰਿਪੋਰਟ ਹਫਤੇ ਦੇ ਹਰ ਸੋਮਵਾਰ ਨੂੰ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਉਗੇ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-
ਉਪ ਮੰਡਲ ਮੈਜਿਸਟਰੇਟ, ਰਾਮਪੁਰਾ ਫੂਲ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) ਬਠਿੰਡਾ
ਪਿੱਠ ਅੰਕਣ: ਨੰ.ਪ1/2023/4049 ਮਿਤੀ: 21/07/23
ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਜ਼ਿਲ੍ਹਾ ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।